| **Headline:** Investor awareness programme organised | |
|---|---|
| **Source:** Ajit, Chandigarh | **Date:** 1 July 2016 |

# ਨਿਵੇਸ਼ਕ ਜਾਗਰੂਕਤਾ ਬਾਰੇ ਸੈਮੀਨਾਰ ਕਰਵਾਇਆ

ਚੰਡੀਗੜ੍ਹ, 30 ਜੂਨ (ਆਰ. ਐੱਸ. ਲਿਬਰੇਟ)- ਵਿੱਤੀ ਬਾਜ਼ਾਰ ਦੇ ਲਾਭ ਵਿਸ਼ੇ 'ਚ ਸਿੱਖਿਅਤ ਕਰਨ ਤੇ ਜਾਇਦਾਦ ਵਾਧੇ ਦੇ ਮੌਕਿਆਂ ਤੋਂ ਜਾਣੂ ਕਰਵਾਉਣ ਦੇ ਉਦੇਸ਼ ਨਾਲ ਸਥਾਨਕ ਪ੍ਰੈੱਸ ਕਲੱਬ 'ਚ ਇਕ ਸੈਮੀਨਾਰ ਕਰਵਾਇਆ ਗਿਆ। ਇਹ ਸੈਮੀਨਾਰ ਨੈਸ਼ਨਲ ਸਟਾਕ ਐਕਸਚੇਂਜ ਆਫ਼ ਇੰਡੀਆ ਲਿਮਟਿਡ (ਐੱਨਐੱਸਈ) ਨੇ ਸੇਬੀ, ਸਿਟੀਜ਼ਨ ਅਵੇਅਰਨੈਸ ਗਰੁੱਪ ਤੇ ਚੰਡੀਗੜ੍ਹ ਪ੍ਰੈੱਸ ਕਲੱਬ ਨੇ ਸਾਂਝੇ ਤੌਰ 'ਤੇ ਨਿਵੇਸ਼ਕ ਜਾਗਰੂਕਤਾ ਲਈ ਕਰਵਾਇਆ ਗਿਆ। ਇਸ ਮੌਕੇ ਅਮਿਤ ਪ੍ਰਧਾਨ, ਖੇਤਰੀ ਨਿਰਦੇਸ਼ਕ, ਸੇਬੀ ਨੇ ਨਿਰਪੱਖ ਕਾਰੋਬਾਰ ਤੇ ਵਿੱਤੀ ਬਜ਼ਾਰ ਦੀ ਨਿਗਰਾਨੀ 'ਚ ਸੇਬੀ ਦੀ ਭੂਮਿਕਾ 'ਤੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਬਜ਼ਾਰ ਨੇ ਆਪਣੀ ਭੂਮਿਕਾ ਵਧਾਉਂਦੇ ਹੋਏ ਹੁਣ ਸਬੰਧਿਤ ਬਜ਼ਾਰਾਂ ਦੀ ਵੀ ਨਿਗਰਾਨੀ ਕਰਨੀ ਸ਼ੁਰੂ ਕਰ ਦਿੱਤੀ ਹੈ। ਸ਼੍ਰੀਮਤੀ ਰਾਣਾ ਉਸਮਾਨ, ਸੀਨੀਅਰ ਏਵੀਪੀ, ਐਨਐਸਈ ਨੇ ਸੈਮੀਨਾਰ 'ਚ ਵਿਸ਼ੇਸ਼ ਤੌਰ 'ਤੇ ਆਪਣੀ ਸ਼ਮੂਲੀਅਤ ਦਰਜ ਕਰਵਾਈ। ਸੇਬੀ ਦੇ ਇਕ ਪ੍ਰਕਾਸ਼ਨ ਦਾ ਜ਼ਿਕਰ ਕਰਦੇ ਉਨ੍ਹਾਂ ਨੇ ਦੱਸਿਆ ਕਿ ਭਾਰਤ ਦੇ ਪੂੰਜੀ ਬਜ਼ਾਰ 'ਚ ਉੱਤਰ ਭਾਰਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਪੰਜਾਬ ਤੇ ਹਰਿਆਣਾ ਸਹਿਤ ਉੱਤਰ ਭਾਰਤ ਦੇ ਕਈ ਸੂਬਿਆਂ ਦੀ ਪੂੰਜੀ ਬਜ਼ਾਰ 'ਚ ਪ੍ਰਭਾਵਸ਼ਾਲੀ ਭਾਗੀਦਾਰੀ ਹੈ। ਇਨ੍ਹਾਂ ਸੂਬਿਆਂ ਤੋਂ ਈਟੀਐਫ ਜਿਵੇਂ ਨਵੇਂ ਵਿੱਤੀ ਉਤਪਾਦਾਂ 'ਚ ਵੀ ਚੰਗੀ ਭਾਗੀਦਾਰੀ ਦੇਖਣ ਨੂੰ ਮਿਲ ਰਹੀ ਹੈ। 'ਨਿਫਟੀ ਆਧਾਰਿਤ ਈਟੀਐਫ 'ਚ ਦੇਸ਼ ਭਰ ਤੋਂ ਪ੍ਰਭਾਵੀ ਭਾਗੀਦਾਰੀ ਦੇਖੀ ਜਾ ਰਹੀ ਹੈ, ਇਹ ਸਮੂਹ ਭਾਰਤ ਦੀ ਵਿਕਾਸ ਗਾਥਾ ਦਰਸਾਉਂਦਾ ਹੈ। ਪ੍ਰੋਗਰਾਮ ਦੇ ਤਕਨੀਕੀ ਸੈਸ਼ਨ ਨੂੰ ਸੂਰਿਆਕਾਂਤ ਸ਼ਰਮਾ, ਡੀਜੀਐਮ, ਸੇਬੀ ਐਨਆਰਓ ਅਤੇ ਸ਼੍ਰੀਮਤੀ ਰੇਨੂੰ ਭੰਡਾਰੀ, ਸੀਐਮ, ਐਨਐਸਈ ਨੇ ਸੰਬੋਧਿਤ ਕੀਤਾ। ਇਸ 'ਚ ਨਿਵੇਸ਼ਕਾਂ ਨੂੰ ਉਨ੍ਹਾਂ ਦੇ ਹਿਤਾਂ ਦੀ ਰੱਖਿਆ ਦੇ ਲਈ ਜ਼ਰੂਰੀ ਕਦਮਾਂ ਦੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਚਰਚਾ ਦੇ ਦੌਰਾਨ ਕਿਹਾ ਕਿ 'ਨਿਵੇਸ਼ਕਾਂ ਨੂੰ ਮੈਂਬਰ ਬ੍ਰੋਕਰ ਦੇ ਨਾਲ ਕੁੱਝ ਜ਼ਰੂਰੀ ਤੇ ਸਵੈਇੱਛਕ ਦਸਤਾਵੇਜ਼ਾਂ ਦਾ ਅਦਾਨ ਪ੍ਰਦਾਨ ਕਰਨਾ ਚਾਹੀਦਾ ਹੈ। ਪਰ ਬਜ਼ਾਰ 'ਚ ਦਾਖਿਲ ਹੋਣ ਤੋਂ ਪਹਿਲਾਂ ਉਨ੍ਹਾਂ ਨੂੰ ਇਨ੍ਹਾਂ ਦਸਤਾਵੇਜ਼ਾਂ ਨੂੰ ਬਰੀਕੀ ਨਾਲ ਪੜ੍ਹ ਲੈਣਾ ਚਾਹੀਦਾ ਹੈ, ਨਿਵੇਸ਼ ਦੌਰਾਨ 'ਕੀ ਕਰੀਏ ਤੇ ਕੀ ਨਾ ਕਰੀਏ' ਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਪ੍ਰੋਗਰਾਮ ਦੇ ਸਵਾਗਤ ਭਾਸ਼ਣ 'ਚ ਪ੍ਰੈੱਸ ਕਲੱਬ ਦੇ ਚੇਅਰਮੈਨ ਜਸਵੰਤ ਸਿੰਘ ਰਾਣਾ ਨੇ ਕਿਹਾ ਕਿ 'ਸੇਬੀ ਨੇ ਅਜਿਹੇ ਪ੍ਰੋਗਰਾਮਾਂ ਦੇ ਨਾਲ ਲੋਕਾਂ 'ਚ ਬਜ਼ਾਰ ਦੇ ਵਿਸ਼ੇ 'ਚ ਜਾਗਰੂਕਤਾ ਵਧਾਉਣ 'ਚ ਹਮੇਸ਼ਾ ਮੋਹਰੀ ਭੂਮਿਕਾ ਨਿਭਾਈ ਹੈ। ਨਾਲ ਹੀ ਆਸ਼ਾ ਦਿਖਾਈ ਕਿ ਵਿੱਤੀ ਲਾਭ ਅਤੇ ਮੌਕੇ ਸੁਨਿਸ਼ਚਿਤ ਕਰਨ ਦੇ ਲਈ ਅਜਿਹੇ ਕਦਮ ਚੁੱਕਦਾ ਰਹੇਗਾ।




ਅਮਿਤ ਪ੍ਰਧਾਨ, ਖੇਤਰੀ ਨਿਰਦੇਸ਼ਕ ਸੇਬੀ ਨਿਰਪੱਖ ਕਾਰੋਬਾਰ ਤੇ ਵਿੱਤੀ ਬਾਜ਼ਾਰ ਬਾਰੇ ਸੈਮੀਨਾਰ ਦੌਰਾਨ ਜਾਣਕਾਰੀ ਸਾਂਝੀ ਕਰਦੇ ਹੋਏ। ਤਸਵੀਰ-ਗੁਰਿੰਦਰ ਸਿੰਘ